Adda247 GET IT ON Google Play

**Signature and Name of Invigilator**

1. (Signature) ____________________
   (Name) ____________________
2. (Signature) ____________________
   (Name) ____________________

**Answer Sheet No. :** ..............................................
(To be filled by the Candidate)

**Roll No.** | | | | | | | |
(In figures as per admission card)

**Roll No.** ____________________
(In words)

**Test Booklet No.**

**J—2407**

**PAPER—II**

# PUNJABI

**Time : 1¼ hours]** **[Maximum Marks : 100**

Number of Pages in this Booklet : **16** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the question booklet will be replaced nor any extra time will be given.**
   (iii) After this verification is over, the Serial No. of the booklet should be entered in the Answer-sheets and the Serial No. of Answer Sheet should be entered on this Booklet.
4. Each item has four alternative responses marked (A), (B), (C) and (D). You have to darken the oval as indicated below on the correct response against each item.

   **Example :** (A) (B) ● (D)

   where (C) is the correct response.
5. Your responses to the items are to be indicated in the Answer Sheet given **inside the Paper I booklet only**. If you mark at any place other than in the ovals in the Answer Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your name or put any mark on any part of the test booklet, except for the space allotted for the relevant entries, which may disclose your identity, you will render yourself liable to disqualification.
9. You have to return the test question booklet to the invigilators at the end of the examination compulsorily and must not carry it with you outside the Examination Hall.
10. **Use only Blue/Black Ball point pen.**
11. **Use of any calculator or log table etc., is prohibited.**
12. **There is NO negative marking.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका की क्रम संख्या उत्तर-पत्रक पर अंकित करें और उत्तर-पत्रक की क्रम संख्या इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं। आपको सही उत्तर के दीर्घवृत्त को पेन से भरकर काला करना है जैसा कि नीचे दिखाया गया है।

   **उदाहरण :** (A) (B) ● (D)

   जबकि (C) सही उत्तर है।
5. प्रश्नों के उत्तर **केवल प्रश्न पत्र I के अन्दर दिये गये** उत्तर-पत्रक पर ही अंकित करने हैं। यदि आप उत्तर पत्रक पर दिये गये दीर्घवृत्त के अलावा किसी अन्य स्थान पर उत्तर चिन्हांकित करते है, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप उत्तर-पुस्तिका पर अपना नाम या ऐसा कोई भी निशान जिससे आपकी पहचान हो सके, किसी भी भाग पर दर्शाते या अंकित करते हैं तो परीक्षा के लिये अयोग्य घोषित कर दिये जायेंगे।
9. आपको परीक्षा समाप्त होने पर उत्तर-पुस्तिका निरीक्षक महोदय को लौटाना आवश्यक है और परीक्षा समाप्ति के बाद अपने साथ परीक्षा भवन से बाहर न लेकर जायें।
10. **केवल नीले/काले बाल प्वाईंट पैन का ही इस्तेमाल करें।**
11. **किसी भी प्रकार का संगणक ( कैलकुलेटर ) या लाग टेबल आदि का प्रयोग वर्जित है।**
12. **गलत उत्तर के लिए अंक नहीं काटे जायेंगे।**

# Test Prime

**ALL EXAMS, ONE SUBSCRIPTION**

**70,000+** Mock Tests

Personalised Report Card

Unlimited Re-Attempt

**600+** Exam Covered

Previous Year Papers

**500%** Refund

IBPS

NABARD

INDIAN RAILWAYS

**ATTEMPT FREE MOCK NOW**

Adda247 GET IT ON Google Play

# PUNJABI

## PAPER – II

**Note :** This paper contains **fifty** (50) multiple-choice questions, each question carrying **two** (2) marks. Mark the correct response in the answer sheet. Attempt **all** of them.

1. ਭਾਸ਼ਾ :
   (A) ਭਾਸ਼ਣ ਦੇਣ ਦੀ ਕਲਾ ਹੈ
   (B) ਕੁਦਰਤੀ ਆਵਾਜ਼ਾਂ ਦੀ ਨਕਲ ਹੈ
   (C) ਮਨੁੱਖੀ ਸੰਚਾਰ ਦਾ ਮਾਧਿਅਮ ਹੈ
   (D) ਭਾਸ਼ਾਈ ਅਖਰ ਪ੍ਰਬੰਧ ਹੈ

2. ਭਾਸ਼ਾ ਦੀ ਉਤਪੱਤੀ ਹੈ :
   (A) ਵਿਕਾਸ ਦਾ ਸਿੱਟਾ
   (B) ਮਨੁੱਖੀ ਆਵਿਸ਼ਕਾਰ
   (C) ਗਿਆਨ-ਵਿਗਿਆਨ ਦੀ ਦੇਣ
   (D) ਰੱਬੀ ਦਾਤ

3. ਭਾਸ਼ਾਈ ਚਿੰਨ੍ਹ ਪ੍ਰਬੰਧ ਦਾ ਆਧਾਰ ਹੈ :
   (A) ਰੇਖਾਤਮਕ
   (B) ਧੁਨੀਮੂਲਕ
   (C) ਰੂਪਮੂਲਕ
   (D) ਸਵੈ-ਇੱਛਿਤ

4. ਕਿਹੜਾ ਕਥਨ ਸਹੀ ਹੈ :
   (A) ਪੰਜਾਬੀ ਵਿੱਚ ਇ ਤੇ ਐ ਗੁਲਾਈਦਾਰ ਸ੍ਵਰ ਹਨ।
   (B) ਪੰਜਾਬੀ ਵਿੱਚ ਇ ਤੇ ਐ ਮੂਹਰਲੇ ਸ੍ਵਰ ਹਨ।
   (C) ਮੁਕਤ ਪ੍ਰਣਾਲੀ, ਪਰਿਵਰਤਨਸ਼ੀਲ, ਵਿਕਾਸਸ਼ੀਲ
   (D) ਸੰਸਕਾਰ-ਮੁਖ, ਉਚਾਰ-ਮੁਖ, ਵਿਚਾਰ-ਮੁਖ

Adda247

Adda247 GET IT ON Google Play

5. ਸੂਚੀ I ਸੂਚੀ II

| | ਸੂਚੀ I | | ਸੂਚੀ II |
|---|---|---|---|
| (a) | ਮਲਵਈ | 1. | ਤੁਸਾਡਾ |
| (b) | ਮਾਝੀ | 2. | ਥੋੜਾ |
| (c) | ਦੁਆਬੀ | 3. | ਤੁਹਾਡਾ |
| (d) | ਲਹਿੰਦੀ | 4. | ਸੋਡਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 3 | 2 | 1 | 4 |
| (B) | 1 | 4 | 3 | 2 |
| (C) | 4 | 3 | 2 | 1 |
| (D) | 2 | 1 | 4 | 3 |

6. ੳ) ਭਾਸ਼ਾ ਦਾ ਪ੍ਰਕਾਰਜ ਭਾਵੁਕ ਤੇ ਆਪ ਹੁੰਦਰਾ ਹੁੰਦਾ ਹੈ।

ਅ) ਭਾਸ਼ਾ ਦਾ ਪ੍ਰਕਾਰਜ ਸਮਾਜਿਕ ਤੇ ਪਰਾਭਾਸ਼ਾਈ ਹੁੰਦਾ ਹੈ।

ੲ) ਭਾਸ਼ਾ ਦਾ ਪ੍ਰਕਾਰਜ ਕਾਵਿਕ ਤੇ ਸੰਕੇਤਕ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ ?

(A) ੳ ਅਤੇ ਅ ਆਂਸ਼ਿਕ ਸਹੀ ਹਨ ਅਤੇ ੲ ਗਲਤ ਹੈ।

(B) ੳ ਅਤੇ ੲ ਆਂਸ਼ਿਕ ਸਹੀ ਹਨ ਪਰ ਅ ਗਲਤ ਹੈ।

(C) ਅ ਅਤੇ ੲ ਆਂਸ਼ਿਕ ਸਹੀ ਹਨ ਪਰ ੳ ਗਲਤ ਹੈ।

(D) ੳ, ਅ ਅਤੇ ੲ ਆਂਸ਼ਿਕ ਰੂਪ ਵਿੱਚ ਸਹੀ ਹਨ।

7.

| | ਸੂਚੀ I | | ਸੂਚੀ II |
|---|---|---|---|
| (a) | ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ | 1. | ਵਿਦਿਆ ਭਾਸਕਰ ਅਰੁਣ |
| (b) | ਪੰਜਾਬੀ ਭਾਸ਼ਾ ਦਾ ਵਿਕਾਸ | 2. | ਪ੍ਰੇਮ ਪ੍ਰਕਾਸ਼ ਸਿੰਘ |
| (c) | ਭਾਸ਼ਾ ਵਿਗਿਆਨ | 3. | ਮੋਹਨ ਸਿੰਘ ਦੀਵਾਨਾ |
| (d) | ਗੁਰਮਤ ਭਾਸ਼ਾ ਵਿਗਿਆਨ | 4. | ਕਾਲਾ ਸਿੰਘ ਬੇਦੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 2 | 1 | 4 | 3 |
| (B) | 3 | 2 | 1 | 4 |
| (C) | 1 | 4 | 3 | 2 |
| (D) | 4 | 3 | 2 | 1 |

Adda247 GET IT ON Google Play

8. **A** (**ਕਥਨ**) : ਭਾਸ਼ਾ ਵਿੱਚ ਅਰਥਾਂ ਦੇ ਪਰਿਵਰਤਨ ਅਤੇ ਵਿਕਾਸ ਪ੍ਰਵਿਰਤੀ ਸੁਭਾਵਕ ਰੂਪ ਵਿੱਚ ਗਤੀਸ਼ੀਲ ਰਹਿੰਦੇ ਹਨ ਇਸ ਦੀਆਂ ਕਈ ਦਿਸ਼ਾਵਾਂ ਹੁੰਦੀਆਂ ਹਨ, ਜਿਵੇਂ ਕਿ ਧੁਨੀ ਮੂਲਕ, ਰੂਪਾਮ ਮੂਲਕ ਆਦਿ।

**R** (**ਕਾਰਨ**) : ਅਰਥ ਪਰਿਵਰਤਨ ਦੀਆਂ ਦਿਸ਼ਾਵਾਂ ਨੂੰ ਧੁਨੀ ਪਰਿਵਰਤਨ ਦੇ ਕਾਰਨਾਂ ਨਾਲ ਵੀ ਜੋੜਿਆ ਜਾਂਦਾ ਹੈ।

(A) A ਅਤੇ R ਦੋਵੇਂ ਸਹੀ ਹਨ।

(B) A ਆਂਸ਼ਿਕ ਰੂਪ ਵਿੱਚ ਸਹੀ ਹੈ ਅਤੇ R ਸਹੀ ਹੈ।

(C) A ਸਹੀ ਹੈ ਅਤੇ R ਆਂਸ਼ਿਕ ਸਹੀ ਹੈ।

(D) A ਅਤੇ R ਦੋਵੇਂ ਗਲਤ ਹਨ।

9. ਹੇਠ ਲਿਖਿਆਂ ਦਾ ਕਿਹੜਾ ਕ੍ਰਮ ਸਹੀ ਹੈ ?

(A) ਲੌਕਿਕ ਸੰਸਕ੍ਰਿਤ, ਪ੍ਰਾਕ੍ਰਿਤ, ਕਲਾਸੀਕਲ ਸੰਸਕ੍ਰਿਤ, ਪਾਲੀ

(B) ਕਲਾਸੀਕਲ ਸੰਸਕ੍ਰਿਤ, ਲੌਕਿਕ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ

(C) ਪਾਲੀ, ਲੌਕਿਕ ਸੰਸਕ੍ਰਿਤ, ਪ੍ਰਾਕ੍ਰਿਤ, ਕਲਾਸੀਕਲ ਸੰਸਕ੍ਰਿਤ

(D) ਪ੍ਰਾਕ੍ਰਿਤ, ਕਲਾਸੀਕਲ ਸੰਸਕ੍ਰਿਤ, ਪਾਲੀ, ਲੌਕਿਕ ਸੰਸਕ੍ਰਿਤ

**ਪੈਰਾ** :

ਸੋਲ੍ਹਵੀਂ ਸਦੀ ਦਾ ਅਮਨ ਚੈਨ ਦਾ ਸਮਾਂ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਲਿਸ਼ਕਣ ਪੁਸ਼ਕਣ ਦਾ ਸਮਾਂ ਸੀ। ਇਸ ਸਮੇਂ ਭਾਰਤ ਦੀਆਂ ਸਾਰੀਆਂ ਹੀ ਭਾਸ਼ਾਵਾਂ ਜੁਆਨੀ ਵਿੱਚ ਪੈਰ ਰਖਦੀਆਂ ਹਨ। ਪੰਜਾਬੀ ਭਾਸ਼ਾ ਵੀ ਨਵੀਂ ਦਿੱਖ ਅਤੇ ਨਵਾਂ ਨਿਖਾਰ ਪਕੜਦੀ ਹੈ। ਪੰਜਾਬੀ ਦਾ ਮੂੰਹ ਮੁਹਾਂਦਰਾ ਤੇ ਤਰਜ਼-ਏ-ਤਾਸੀਰ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰਦੀ ਹੈ, ਦਰਅਸਲ ਲੋਕਾਂ ਦੇ ਜਾਗਣ ਨਾਲ ਹੀ ਲੋਕ-ਬੋਲੀਆਂ ਸਾਹਿਤਕ ਨੁਕਤਾ ਨਿਗਾਹ ਤੋਂ ਪ੍ਰਫੁਲਿਤ ਹੋ ਸਕਦੀਆਂ ਹਨ। ਪੰਜਾਬ ਵਿੱਚ ਇਸ ਜਾਗ੍ਰਤੀ ਦਾ ਸੁਨੇਹਾ ਗੁਰੂ ਸਾਹਿਬਾਨ ਨੇ ਦਿੱਤਾ। ਇਸ ਸਮੇਂ ਫਾਰਸੀ ਨੇ ਦੇਸੀ ਭਾਸ਼ਾਵਾਂ ਉੱਤੇ ਕਾਫ਼ੀ ਦਬਾਅ ਪਾਇਆ ਹੋਇਆ ਸੀ।

10. ਉਪਰੋਕਤ ਪੈਰੇ ਦੇ ਆਧਾਰ ਤੇ ਦੱਸੋ ਕਿ ਪੈਰੇ ਦੀ ਮੂਲ ਧਾਰਨਾ ਹੈ :

(A) ਗੁਰੂ ਸਾਹਿਬਾਨ ਨੇ ਭਾਰਤੀ ਭਾਸ਼ਾਵਾਂ ਦੇ ਲਿਸ਼ਕਣ ਪੁਸ਼ਕਣ ਵਿੱਚ ਯੋਗਦਾਨ ਪਾਇਆ।

(B) ਪੰਜਾਬੀ ਭਾਸ਼ਾ ਦੀ ਨਵੀਂ ਦਿੱਖ ਅਤੇ ਨਵਾਂ ਨਿਖਾਰ ਲੋਕਾਂ ਦੀ ਜਾਗ੍ਰਤੀ ਨਾਲ ਆਇਆ।

(C) ਲੋਕ ਬੋਲੀਆਂ ਦਾ ਵਿਕਾਸ ਲੋਕ-ਜਾਗ੍ਰਤੀ ਰਾਹੀਂ ਹੀ ਸੰਭਵ ਹੋ ਸਕਦਾ ਹੈ।

(D) ਲੋਕ ਬੋਲੀਆਂ ਦੇ ਵਿਕਾਸ ਵਿੱਚ ਫ਼ਾਰਸੀ ਭਾਸ਼ਾ ਦਾ ਅਹਿਮ ਯੋਗਦਾਨ ਸੀ।

Adda247 GET IT ON Google Play

11. ਉਪਰੋਕਤ ਪੈਰੇ ਵਿਚ ਲੇਖਕ ਦਾ ਤਰਕ ਹੈ :

(A) ਭਾਸ਼ਾਵਾਂ ਦਾ ਵਿਕਾਸ ਅਮਨ ਚੈਨ ਦੇ ਜ਼ਮਾਨੇ ਵਿੱਚ ਹੁੰਦਾ ਹੈ।

(B) ਫਾਰਸੀ ਨੇ ਦੇਸ਼ੀ ਭਾਸ਼ਾਵਾਂ ਉੱਤੇ ਕਾਫ਼ੀ ਦਬਦਬਾ ਪਾਇਆ ਹੋਇਆ ਸੀ।

(C) ਸੋਲ੍ਹਵੀਂ ਸਦੀ ਵਿੱਚ ਪੰਜਾਬੀ ਦਾ ਮੂੰਹ ਮੁਹਾਂਦਰਾ ਨਵੇਂ ਯੁੱਗ ਵਿੱਚ ਪ੍ਰਵੇਸ਼ ਕੀਤਾ।

(D) ਲੋਕ-ਜਾਗ੍ਰਤੀ ਨਾਲ ਹੀ ਲੋਕ ਬੋਲੀਆਂ ਵਿੱਚ ਸਾਹਿਤਕ ਵਿਕਾਸ ਆਉਂਦਾ ਹੈ।

12. ੳ) ਨਾਸਿਕਤਾ ਦੇ ਆਉਣ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ।

ਅ) ਪੰਜਾਬੀ ਵਿੱਚ ਅਰਥਹੀਨ ਨਾਸਿਕਤਾ ਮੌਜੂਦ ਹੈ।

ੲ) ਇਸ ਦਾ ਪ੍ਰਭਾਵ ਵਿਅੰਜਨਾਂ ਉੱਤੇ ਵੀ ਹੁੰਦਾ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ ?

(A) ੳ, ਅ ਤੇ ੲ ਤਿੰਨੇ ਸਹੀ ਹਨ।

(B) ੲ ਤੇ ੳ ਗਲਤ ਹਨ। ਅ ਸਹੀ ਹੈ।

(C) ਅ ਗਲਤ ਹੈ। ੳ ਤੇ ੲ ਸਹੀ ਹਨ।

(D) ੳ, ਅ ਤੇ ੲ ਤਿੰਨੇ ਗਲਤ ਹਨ।

13. ਵਿਉਤਪਤੀ ਤੇ ਸਮਾਸੀਕਰਨ ਦਾ ਸੰਬੰਧ ਹੈ...

(A) ਸ਼ਬਦ ਸੰਰਚਨਾ ਤੇ ਰੂਪ ਵਿਗਿਆਨ (B) ਸ਼ਬਦ ਰਚਨਾ ਤੇ ਵਾਕ ਵਿਗਿਆਨ

(C) ਸ਼ਬਦ ਸੰਰਚਨਾ ਤੇ ਅਰਥ ਵਿਗਿਆਨ (D) ਵਿਭਕਤੀਕਰਨ ਤੇ ਧੁਨੀ ਵਿਗਿਆਨ

14. ੳ) ਪੂਰਬੀ ਪੰਜਾਬ ਦੀਆਂ ਮੁੱਖ ਉਪ-ਭਾਸ਼ਾਵਾਂ ਹਨ - ਮਾਝੀ, ਮਲਵਈ ਤੇ ਪੋਠੋਹਾਰੀ।

ਅ) ਪੱਛਮੀ ਪੰਜਾਬ ਦੀਆਂ ਮੁੱਖ ਉਪ-ਭਾਸ਼ਾਵਾਂ ਹਨ - ਮੁਲਤਾਨੀ, ਝਾਂਗੀ ਤੇ ਪੁਆਧੀ।

ੲ) ਪਹਾੜੀ ਪੰਜਾਬੀ ਦੀਆਂ ਮੁੱਖ ਉਪ-ਭਾਸ਼ਾਵਾਂ ਹਨ - ਡੋਗਰੀ, ਕਾਂਗੜੀ ਤੇ ਪੋਠੋਹਾਰੀ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ ?

(A) ੳ ਸਹੀ ਹੈ, ਅ ਤੇ ੲ ਗਲਤ ਹਨ।

(B) ੳ, ਅ ਅਤੇ ੲ ਗਤ ਹਨ।

(C) ਅ ਅਤੇ ੲ ਸਹੀ ਹਨ, ੳ ਗਲਤ ਹੈ।

(D) ੳ ਤੇ ੲ ਸਹੀ ਹਨ, ਅ ਗਲਤ ਹੈ।

Adda247 GET IT ON Google Play

15. ਸੂਚੀ I ਸੂਚੀ II

| | ਸੂਚੀ I | | ਸੂਚੀ II |
|---|---|---|---|
| (a) | ਨਾਸਕੀ ਵਿਅੰਜਨ | 1. | ਸ਼ਹਿਰੋਂ, ਕੰਨੀ |
| (b) | ਨਿਸਚੇ ਵਾਚਕ ਪੜਨਾਂਉ | 2. | ਕਾਲ਼ੇ ਘੋੜੇ |
| (c) | ਵਿਕਾਰੀ ਵਿਸ਼ੇਸ਼ਣ | 3. | ਇਹ, ਉਹ |
| (d) | ਕਾਰਕੀ ਰੂਪੀਮ | 4. | ਮ, ਣ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 4 | 3 | 2 | 1 |
| (B) | 2 | 3 | 1 | 4 |
| (C) | 1 | 4 | 3 | 2 |
| (D) | 3 | 1 | 4 | 2 |

16. ਵਕਤਾ ਤੋਂ ਸਰੋਤਾਂ ਤਕ 'ਧੁਨੀ' ਕਿਹੜੇ ਤਿੰਨ ਪੜਾਵਾਂ ਵਿੱਚੋਂ ਲੰਘਦੀ ਹੈ :

(A) ਉਚਾਰ, ਸ਼੍ਰਵਣ, ਤਰੰਗ

(B) ਸ਼੍ਰਵਣ, ਤਰੰਗ, ਉਚਾਰ

(C) ਉਚਾਰ, ਤਰੰਗ, ਸ਼੍ਰਵਣ

(D) ਤਰੰਗ, ਸ਼੍ਰਵਣ, ਉਚਾਰ

17. ਸਾਹਿਤ ਅਧਿਐਨ ਦਾ ਪ੍ਰਯੋਜਨ ਹੈ :

(A) ਸਾਹਿਤ ਦਾ ਕਲਾਤਮਕ ਪਾਸਾਰ

(B) ਸਾਹਿਤ ਦਾ ਕਾਵਿ ਸਾਸ਼ਤਰੀ ਪਾਸਾਰ

(C) ਸਾਹਿਤ ਦਾ ਥੀਮੈਟਿਕ ਪਾਸਾਰ

(D) ਸਾਹਿਤ ਦਾ ਸ਼ੈਲੀਗਤ ਅਧਿਐਨ

Adda247 GET IT ON Google Play

18. ਬਿਰਤਾਂਤ ਵਿੱਚ ਕਿਸ ਉੱਪਰ ਵਧੇਰੇ ਬਲ ਹੈ :

(A) ਚਿਤਰਣ (B) ਵਰਨਣ

(C) ਅਨੁਕਰਣ (D) ਵਾਰਤਾ

19. ਕਿਹੜਾ ਜੁਟ ਮਾਰਕਸਵਾਦੀ ਚਿੰਤਕਾਂ ਦਾ ਨਹੀਂ ਹੈ :

(A) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਹਰਿਭਜਨ ਸਿੰਘ

(B) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਅਤਰ ਸਿੰਘ

(C) ਕਿਸ਼ਨ ਸਿੰਘ, ਅਤਰ ਸਿੰਘ, ਟੀ.ਆਰ. ਵਿਨੋਦ

(D) ਸੰਤ ਸਿੰਘ ਸੇਖੋਂ, ਤੇਜਵੰਤ ਸਿੰਘ, ਕਿਸ਼ਨ ਸਿੰਘ

20. **A (ਕਥਨ) :** ਸਾਹਿਤ ਸਮੀਖਿਆ ਲਈ ਅਣਗਿਣਤ ਅਧਿਐਨ ਪ੍ਰਣਾਲੀਆਂ ਪ੍ਰਚਲਿਤ ਹਨ ਜਿਨ੍ਹਾਂ ਦਾ ਸੰਬੰਧ ਸਾਹਿਤਕ ਕਿਰਤ ਦੀ ਸਰਬ-ਪੱਖੀ ਵਿਆਖਿਆ ਕਰਨ ਦੇ ਨਾਲ ਨਾਲ ਇਸਦੇ ਕਾਵਿ-ਸ਼ਾਸਤਰੀ ਪਰਿਪੇਖ ਨੂੰ ਉਘਾੜਨਾ ਵੀ ਹੈ। ਹਰੇਕ ਪ੍ਰਣਾਲੀ ਪੂਰਨ ਭਾਂਤ ਸਮਰਥ ਹੋਣ ਦਾ ਦਾਅਵਾ ਕਰਦੀ ਹੈ।

**R (ਕਾਰਨ) :** ਸਾਹਿਤਕ ਕਿਰਤ ਦੇ ਪਾਠ ਅਤੇ ਬਾਹਰਲੇ ਸੰਦਰਭਾਂ ਤੋਂ ਬਿਨਾਂ ਕੋਈ ਵੀ ਅਧਿਐਨ ਪ੍ਰਣਾਲੀ ਪ੍ਰਸੰਗਿਤ ਨਹੀਂ ਹੋ ਸਕਦੀ।

(A) A ਅਤੇ R ਦੋਵੇਂ ਸਹੀ ਹਨ।

(B) A ਪੂਰਨ ਤੌਰ ਤੇ ਸਹੀ ਹੈ ਅਤੇ R ਆਂਸ਼ਿਕ ਰੂਪ ਵਿੱਚ।

(C) A ਆਂਸ਼ਿਕ ਰੂਪ ਵਿੱਚ ਸਹੀ ਹੈ ਤੇ R ਪੂਰਨ ਰੂਪ ਵਿੱਚ।

(D) A ਅਤੇ R ਦੋਵੇਂ ਗਲਤ ਹਨ।

21. ੳ) ਗ਼ਜ਼ਲ ਦਾ ਮੁਢ ਮਕਤਾ ਅਤੇ ਅੰਤ ਮਤਲਾ ਨਾਲ ਹੁੰਦਾ ਹੈ।

ਅ) ਗ਼ਜ਼ਲ ਵਿੱਚ ਸ਼ੇਅਰਾਂ ਦੀ ਗਿਣਤੀ ਨਿਸਚਿਤ ਹੁੰਦੀ ਹੈ।

ੲ) ਗ਼ਜ਼ਲ ਤੇ ਰੁਬਾਈ ਵਰਨਣਾਤਮਕ ਰੂਪ ਹਨ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ ?

(A) ੳ, ਅ ਤੇ ੲ ਵਿੱਚੋਂ ਕੋਈ ਸਹੀ ਨਹੀਂ।

(B) ੲ ਤੇ ਅ ਪੂਰਨ ਸਹੀ ਹਨ, ੳ ਆਂਸ਼ਿਕ ਸਹੀ ਹੈ।

(C) ੳ ਤੇ ੲ ਸਹੀ ਹਨ, ਅ ਆਂਸ਼ਿਕ ਸਹੀ ਹੈ।

(D) ੳ ਅ ਤੇ ੲ ਸਾਰੇ ਸਹੀ ਹਨ।

Adda247 GET IT ON Google Play

22. 'ਸਧਾਰਨੀਕਰਨ' ਦਾ ਸਿੱਧਾਂਤ ਕਿਸ ਸੰਪ੍ਰਦਾਇ ਵਿੱਚ ਆਉਂਦਾ ਹੈ ?

(A) ਔਚਿਤਯ ਸੰਪ੍ਰਦਾਇ
(B) ਰੀਤੀ ਸੰਪ੍ਰਦਾਇ
(C) ਧੁਨੀ ਸੰਪ੍ਰਦਾਇ
(D) ਰਸ ਸੰਪ੍ਰਦਾਇ

23. ਕਿਹੜਾ ਜੁੱਟ ਸਹੀ ਨਹੀਂ ਹੈ :

(A) ਸਥਾਈ ਭਾਵ : ਧੁਨੀ
(B) ਤਾਤਪਰਯ : ਵਿਅੰਜਨਾ
(C) ਰੂਪਕ : ਅਲੰਕਾਰ
(D) ਭਾਵ : ਵਿਭਾਵ

24.

| | ਸੂਚੀ I | | ਸੂਚੀ II |
|---|---|---|---|
| (a) | ਸਾਹਿਤ ਅਧਿਐਨ | 1. | ਚੌਮਸਕੀ |
| (b) | ਯੋਗਤਾ ਤੇ ਨਿਭਾਓ | 2. | ਰੂਸੀ ਰੂਪਵਾਦ |
| (c) | ਲਾਂਗ ਤੇ ਪੈਰੋਲ | 3. | ਕਾਵਿ-ਸ਼ਾਸ਼ਤਰ |
| (d) | ਅਜਨਬੀਕਰਨ | 4. | ਸਾਸਿਉਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 1 | 2 | 4 | 3 |
| (B) | 2 | 3 | 1 | 4 |
| (C) | 3 | 1 | 4 | 2 |
| (D) | 4 | 3 | 2 | 1 |

25. ਕਿਹੜਾ ਕ੍ਰਮ ਸਹੀ ਹੈ :

(A) ਅਭਿਧਾ, ਲਕਸ਼ਣਾ, ਵਿਅੰਜਣਾ, ਤਾਤਪਰਯ
(B) ਅਭਿਧਾ, ਲਕਸ਼ਣਾ, ਤਾਤਪਰਯ, ਵਿਅੰਜਣਾ
(C) ਅਭਿਧਾ, ਵਿਅੰਜਣਾ, ਤਾਤਪਰਯ, ਲਕਸ਼ਣਾ
(D) ਵਿਅੰਜਣਾ, ਤਾਤਪਰਯ, ਅਭਿਧਾ, ਲਕਸ਼ਣਾ

Adda247 GET IT ON Google Play

26. ਸੂਚੀ I | ਸੂਚੀ II

| | ਸੂਚੀ I | | ਸੂਚੀ II |
|---|---|---|---|
| (a) | ਬਬੀਹਾ ਬੋਲ | 1. | ਮੌਲਾ ਬਖ਼ਸ਼ ਕੁਸਤਾ |
| (b) | ਪੱਛਮੀ ਸਮੀਖਿਆ ਤੇ ਸਿੱਧਾਂਤ | 2. | ਕਿਸ਼ਨ ਸਿੰਘ |
| (c) | ਪੰਜਾਬੀ ਸ਼ਾਇਰਾ ਦਾ ਤਜ਼ਕਰਾ | 3. | ਰੋਸ਼ਨ ਲਾਲ ਅਹੂਜਾ |
| (d) | ਸਾਹਿਤ ਦੇ ਮੂਲ ਸੋਮੇ | 4. | ਬਾਵਾ ਬੁਧ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 3 | 4 | 2 | 1 |
| (B) | 2 | 1 | 3 | 4 |
| (C) | 1 | 2 | 4 | 3 |
| (D) | 4 | 3 | 1 | 2 |

27. **A (ਕਥਨ) :** ਸਾਹਿਤ ਦੀ ਇਤਿਹਾਸਕਾਰੀ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿੱਚ ਦੁਰਲੱਭ ਸਾਹਿਤਕ ਰਚਨਾਵਾਂ ਦੀ ਖੋਜ, ਪਾਠਾਂ ਦੀ ਕਾਲਕ੍ਰਮਕਤਾ ਤੇ ਸਾਹਿਤਕ ਤੱਥਾਂ ਦੀ ਵਿਕਾਸ-ਪ੍ਰਕਿਰਿਆ ਨੂੰ ਸਮਝਿਆ ਜਾਂਦਾ ਹੈ।

**R (ਕਾਰਨ) :** ਸਾਹਿਤ ਇਤਿਹਾਸ ਵਿੱਚ ਸਾਹਿਤਕ ਰਚਨਾਵਾਂ ਦਾ ਅਧਿਐਨ ਦਾਰਸ਼ਨਿਕ ਵਿਧੀ ਤੋਂ ਕਰਨਾ ਤਰਕ-ਯੁਕਤ ਹੈ।

(A) A ਸਹੀ ਹੈ ਪਰ R ਗਲਤ ਹੈ।

(B) A ਅਤੇ R ਦੋਵੇਂ ਸਹੀ ਹਨ।

(C) A ਆਂਸ਼ਿਕ ਸਹੀ ਹੈ ਅਤੇ R ਪੂਰਨ ਗਲਤ।

(D) R ਪੂਰਨ ਸਹੀ ਹੈ ਅਤੇ A ਪੂਰਨ ਗਲਤ।

28. 'ਤਸਵੱਫ਼' ਦਾ ਆਧਾਰ ਖੇਤਰ ਹੈ :

(A) ਸਨਾਤਨਵਾਦ (B) ਰੁਮਾਂਸਵਾਦ

(C) ਰਹਸਵਾਦ (D) ਅਸਤਿਤਵਵਾਦ

29. ਸਾਹਿਤ-ਇਤਿਹਾਸ ਦਾ ਪ੍ਰਮਾਣਿਕ ਆਧਾਰ ਹੈ :

(A) ਸਮਾਜਕ ਤੱਥ (B) ਸਾਹਿਤਕ ਤੱਥ

(C) ਸਭਿਆਚਾਰਕ ਤੱਥ (D) ਰਾਜਸੀ ਤੱਥ

Adda247 GET IT ON Google Play

30. ਕਿਹੜਾ ਜੁੱਟ ਸਹੀ ਨਹੀਂ ਹੈ :

(A) ਖ਼ਾਨਾਬਦੋਸ਼ – ਅਜੀਤ ਕੌਰ

(B) ਰਸੀਦੀ ਟਿਕਟ – ਅੰਮ੍ਰਿਤਾ ਪ੍ਰੀਤਮ

(C) ਪ੍ਰਭਜੋਤ ਕੌਰ – ਪਗਡੰਡੀਆਂ

(D) ਦਲੀਪ ਕੌਰ ਟਿਵਾਣਾ – ਪੀਲੇ ਪੱਤਿਆਂ ਦੀ ਦਾਸਤਾਨ

31.

| | ਸੂਚੀ I | | ਸੂਚੀ II |
|---|---|---|---|
| (a) | ਬਲਵੰਤ ਗਾਰਗੀ | 1. | ਰੱਤਾ ਸਾਲੂ |
| (b) | ਮੇਜਰ ਇਸ਼ਹਾਕ ਮੁਹੰਮਦ | 2. | ਪੁਤਲੀ ਘਰ |
| (c) | ਹਰਚਰਨ ਸਿੰਘ | 3. | ਸੌਂਕਣ |
| (d) | ਕਪੂਰ ਸਿੰਘ ਘੁੰਮਣ | 4. | ਕੁਕਨੁਸ |

ਉਪਰੋਕਤ ਵਿਚ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 1 | 3 | 4 | 2 |
| (B) | 2 | 3 | 4 | 1 |
| (C) | 3 | 4 | 1 | 2 |
| (D) | 4 | 2 | 3 | 1 |

32. ਕਿਹੜਾ ਜੁੱਟ ਸਹੀ ਹੈ :

(A) ਬੁਲ੍ਹੇ ਸ਼ਾਹ – ਗੰਢਾਂ

(B) ਚੰਡੀ ਦੀ ਵਾਰ – ਸੀਹਰਫ਼ੀ

(C) ਹੀਰ ਵਾਰਿਸ – ਦਵੱਈਆ

(D) ਸੁਲਤਾਨ ਬਾਹੂ – ਬੈਂਤ

33. ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਬਾਣੀ ਉੱਤੇ ਰਾਗ ਅੰਕਿਤ ਨਹੀਂ :

(A) ਸਿਧ ਗੋਸਟਿ

(B) ਬਾਬਰ ਵਾਣੀ

(C) ਜਪੁਜੀ

(D) ਦਖਣੀ ਓਅੰਕਾਰ

Adda247 GET IT ON Google Play

34. **A (ਕਥਨ) :** ਗੁਰੂ ਨਾਨਕ ਕਾਲ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰੀ ਯੁਗ ਮੰਨਿਆ ਜਾਂਦਾ ਹੈ ਜਦ ਕਿ ਦੂਜੇ ਕਾਲਾਂ ਦਾ ਵੀ ਆਪਣਾ ਸਾਹਿਤਕ ਮਹਤਵ ਹੈ।

**R (ਕਾਰਨ) :** ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਮੁੱਖ ਤੌਰ ਤੇ ਧਰਮ ਦੀ ਦ੍ਰਿਸ਼ਟੀ ਤੋਂ ਹੀ ਵਾਚਿਆ ਗਿਆ ਹੈ।

(A) A ਅਤੇ R ਦੋਵੇਂ ਗਲਤ ਹਨ।
(B) A ਸਹੀ ਹੈ ਪਰ R ਗਲਤ ਹੈ।
(C) R ਸਹੀ ਹੈ ਪਰ A ਗਲਤ ਹੈ।
(D) A ਅਤੇ R ਦੋਵੇਂ ਸਹੀ ਹਨ।

35. 'ਨਾਨਕੁ ਜਿਨਿ ਮਨੁ ਭਉ ਤਿਨਾ ਮਨਿ ਭਾਉ' ਵਿੱਚ 'ਭਾਉ' ਸ਼ਬਦ ਦੇ ਕੀ ਅਰਥ ਹਨ

(A) ਭੈਅ
(B) ਸ਼ਰਧਾ
(C) ਉਮਾਹ
(D) ਪ੍ਰੇਮ

36. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਆਰੰਭ ਕਿਸ ਲੇਖਕ ਤੋਂ ਹੁੰਦਾ ਹੈ :

(A) ਬਾਵਾ ਬੁਧ ਸਿੰਘ
(B) ਮੌਲਾ ਬਖ਼ਸ਼ ਕੁਸ਼ਤਾ
(C) ਮੋਹਨ ਸਿੰਘ ਦੀਵਾਨਾ
(D) ਬਨਾਰਸੀ ਦਾਸ ਜੈਨ

37. ਕਿਹੜੇ ਪੰਜਾਬੀ ਲੇਖਕ ਅਠਾਰਵੀਂ ਸਦੀ ਨਾਲ ਸੰਬੰਧਿਤ ਹਨ :

(A) ਬੁਲ੍ਹੇ ਸ਼ਾਹ, ਵਾਰਿਸ ਸ਼ਾਹ, ਅਲੀ ਹੈਦਰ, ਗੁਲਾਮ ਫਰੀਦ
(B) ਨਜਾਬਤ, ਵਾਰਿਸ ਸ਼ਾਹ, ਬੁਲ੍ਹੇ ਸ਼ਾਹ, ਪੀਰ ਮੁਹੰਮਦ
(C) ਬੁਲ੍ਹੇ ਸ਼ਾਹ, ਅਲੀ ਹੈਦਰ, ਨਜਾਬਤ, ਵਾਰਿਸ ਸ਼ਾਹ
(D) ਵਾਰਿਸ ਸ਼ਾਹ, ਅਲੀ ਹੈਦਰ, ਬੁਲ੍ਹੇ ਸ਼ਾਹ, ਮਟਕ

38. **A (ਕਥਨ) :** ਮੱਧਕਾਲੀ ਪੰਜਾਬੀ ਵਾਰਤਕ ਦਾ ਆਰੰਭ ਜਨਮ-ਸਾਥੀਆਂ ਤੋਂ ਹੋਇਆ ਜਿਨ੍ਹਾਂ ਦਾ ਮੁੱਖ ਮਨੋਰਥ ਗੁਰੂ ਨਾਨਕ ਬਿੰਬ ਦੀ ਉਸਾਰੀ ਕਰਨਾ ਹੈ।

**R (ਕਾਰਨ) :** ਜਨਮ ਸਾਥੀਆਂ ਵਿੱਚ ਗੁਰੂ ਨਾਨਕ ਪੌਰਾਣ-ਪੁਰਸ਼ ਨਾਲੋਂ ਇਤਿਹਾਸ-ਪੁਰਸ਼ ਦੇ ਤੌਰ ਤੇ ਵਧੇਰੇ ਉਘਾੜਿਆ ਗਿਆ ਹੈ।

(A) A ਅਤੇ R ਦੋਵੇਂ ਸਹੀ ਹਨ।
(B) A ਸਹੀ ਹੈ ਤੇ R ਗਲਤ ਹੈ।
(C) A ਗਲਤ ਹੈ ਤੇ R ਸਹੀ ਹੈ।
(D) A ਅਤੇ R ਦੋਵੇਂ ਗਲਤ ਹਨ।

Adda247 GET IT ON Google Play

39. ਕਿਹੜਾ ਕਥਨ ਸਹੀ ਹੈ :

(A) ਅਸਤਿਤਵਵਾਦ ਮਿਲਿਆ ਜੁਲਿਆ ਵਾਦ ਹੈ ਜਿਸ ਵਿੱਚ ਜੀਵਨ ਦੀ ਅਸਥਿਰਤਾ ਤੇ ਅਨਿਸਚਿਤਤਾ ਦਾ ਵਰਨਣ ਹੈ।

(B) ਨਾਸਤਕ ਅਸਤਿਤਵਵਾਦੀਆਂ ਦਾ ਕਹਿਣਾ ਹੈ ਕਿ ਰੱਬ ਮਰ ਚੁੱਕਾ ਹੈ ਅਤੇ ਅਸਤਿਤਵ ਦੀ ਸਥਿਤੀ ਮੂਲ ਤਤ ਤੋਂ ਮਗਰੋਂ ਦੀ ਹੈ।

(C) ਪੱਛਮ ਨਾਲੋਂ ਭਾਰਤ ਦੇ ਵਿਦਵਾਨਾਂ ਨੇ ਅਸਤਿਤਵਵਾਦ ਦਾ ਵਧੇਰੇ ਪ੍ਰਚਾਰ ਕੀਤਾ।

(D) ਪੱਛਮੀ ਅਸਤਿਤਵਵਾਦੀਆਂ ਦੀ ਉਪਰਾਮਤਾ ਤੇ ਉਦਾਸੀ ਸੰਕਟਮਈ ਜੀਵਨ ਦਾ ਅੰਗ ਬਣ ਗਏ।

40. ਯਥਾਰਥ ਦੇ ਕ੍ਰਾਂਤੀਸ਼ੀਲ ਪਰਿਵਰਤਨ ਦਾ ਸੁਚੇਤ ਸਮਾਜਿਕ ਆਦਰਸ਼ ਕਿਸ ਨੇ ਪੇਸ਼ ਕੀਤਾ :

(A) ਪ੍ਰਗਤੀਵਾਦੀ ਕਾਵਿ ਧਾਰਾ ਨੇ
(B) ਯਥਾਰਥਵਾਦੀ ਕਾਵਿ ਧਾਰਾ ਨੇ
(C) ਅਸਤਿਤਵਵਾਦੀ ਕਾਵਿ ਧਾਰਾ ਨੇ
(D) ਜੁਝਾਰਵਾਦੀ ਕਾਵਿ ਧਾਰਾ ਨੇ

41. ਸਭਿਆਚਾਰ ਦੀ ਅਰਥ-ਗ੍ਰਹਿਣ ਪ੍ਰਕਿਰਿਆ ਦਾ ਮੁੱਖ ਆਧਾਰ ਕੀ ਹੈ ?

(A) ਆਧੁਨਿਕ ਬੋਧ
(B) ਮਾਨਸਿਕ ਸੰਘਰਸ਼
(C) ਮੁਲ-ਬੋਧ
(D) ਭਾਵ ਬੋਧ

Adda247

42. **A (ਕਥਨ)** : ਪੰਜਾਬੀ ਸਭਿਆਚਾਰ ਦਾ ਮਸਲਾ ਕੁਝ ਵੱਖਰਾ ਹੈ। ਇਹ ਪਿੰਡਾਂ ਨਾਲ ਵੀ ਸੰਬੰਧਿਤ ਹੈ, ਭਾਰਤ ਦੇ ਨਗਰਾਂ-ਮਹਾਨਗਰਾਂ ਨਾਲ ਵੀ ਅਤੇ ਵਿਦੇਸ਼ਾਂ ਵਿੱਚ ਵੱਸੇ ਹੋਣ ਕਰਕੇ ਇਸ ਦੀ ਮਾਨਸਿਕਤਾ ਉਪਭੋਗਤਾਵਾਦੀ ਦ੍ਰਿਸ਼ਟੀ ਨਾਲ ਵੀ ਜੁੜੀ ਹੈ।

**R (ਕਾਰਨ)** : ਗਲੋਬਲਾਈਜ਼ੇਸ਼ਨ ਕਰਕੇ ਪੰਜਾਬੀ ਸਭਿਆਚਾਰ ਮੁੱਖ ਰੂਪ ਵਿੱਚ ਹੁਣ ਮਿਸ਼ਰਤ ਸਭਿਆਚਾਰ ਹੀ ਬਣ ਗਿਆ ਹੈ।

(A) A ਅਤੇ R ਦੋਵੇਂ ਆਂਸ਼ਿਕ ਰੂਪ ਵਿੱਚ ਸਹੀ ਹਨ।

(B) A ਅਤੇ R ਦੋਵੇਂ ਪੂਰਨ ਰੂਪ ਵਿੱਚ ਗਲਤ ਹਨ।

(C) A ਸਹੀ ਹੈ ਪਰ R ਆਂਸ਼ਿਕ ਰੂਪ ਵਿੱਚ ਸਹੀ ਹੈ।

(D) A ਆਂਸ਼ਿਕ ਰੂਪ ਵਿੱਚ ਸਹੀ ਹੈ ਪਰ R ਪੂਰਨ ਰੂਪ ਵਿੱਚ ਸਹੀ ਹੈ।

43. ਸੂਚੀ I ਸੂਚੀ II

| | | | |
|---|---|---|---|
| (a) | ਕੁਸ਼ਤੀ ਅਖਾੜੇ | 1. | ਭਾਰਤੀ ਪਿਛੋਕੜ |
| (b) | ਪੱਗੜੀ | 2. | ਇਸਲਾਮੀ ਪ੍ਰਭਾਵ |
| (c) | ਨਲ ਦਮਯੰਤੀ | 3. | ਈਰਾਨੀ ਸਭਿਆਚਾਰ |
| (d) | ਕਮੀਜ਼ ਸਲਵਾਰ | 4. | ਪੰਜਾਬੀ ਸਭਿਆਚਾਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | (a) | (b) | (c) | (d) |
|---|---|---|---|---|
| (A) | 1 | 4 | 2 | 3 |
| (B) | 3 | 4 | 1 | 2 |
| (C) | 2 | 3 | 4 | 1 |
| (D) | 4 | 1 | 3 | 2 |

44. ਲੋਕਧਾਰਾ ਦਾ ਪ੍ਰਕਾਰਜ ਹੈ :

(A) ਬੁਝਾਰਤਾਂ ਸਾਡੀ ਸੋਚ ਨੂੰ ਤੀਬਰ ਕਰਦੀਆਂ ਹਨ।

(B) ਅਖਾਣ ਮੁਹਾਵਰੇ ਨਿਆ-ਸੰਗਤ ਹੁੰਦੇ ਹਨ।

(C) ਪੁਰਾਣ-ਕਥਾ ਤੋਂ ਵਿਵਹਾਰ ਦਾ ਪਤਾ ਲਗਦਾ ਹੈ।

(D) ਉਪਰੋਕਤ ਤਿੰਨੇ ਸਹੀ ਹਨ।

45. 'ਨਰਸਿੰਗ' ਤੋਂ ਭਾਵ ਹੈ :

(A) ਆਦਮ-ਸ਼ੇਰ ਦੇਵਤਾ

(B) ਆਦਮ-ਸ਼ੇਰ ਪ੍ਰਮਾਤਮਾ

(C) ਸ਼ਿਵ ਦਾ ਅਵਤਾਰ

(D) ਕਲਕੀ ਅਵਤਾਰ

Adda247 GET IT ON Google Play

46. 'ਮਾਂ ਕਹੇ ਧੀਏ ਨਿੱਤ ਆਵੀਂ
ਪਿਉ ਕਹੇ ਛਿਮਾਹੀ ਰਾਮ
ਵੀਰ ਕਹੇ ਭੈਣ ਕੰਮ ਸਿਰ ਆਵੀਂ
ਭਾਬੋ ਕਹੇ ਕੋਈ ਕੰਮ ਨਾ ਰਾਮ'

ਵਿੱਚ ਕਿਸ ਰਿਸ਼ਤੇ ਬਾਰੇ ਨਿਹੋਰਾ ਹੈ :

(A) ਮਾਂ – ਧੀ
(B) ਪਿਉ – ਧੀ
(C) ਭੈਣ – ਭਰਾ
(D) ਨਨਾਣ – ਭਰਜਾਈ

47. 'ਛੇਤੀ ਛੇਤੀ ਵੱਧ ਕਿਕਰੇ
ਅਸਾਂ ਸੱਸ ਦਾ ਸੰਦੂਕ ਬਣਾਉਣਾ'

ਵਿੱਚ ਕਿਸ ਗੱਲ ਵਲ ਸੰਕੇਤ ਹੈ :

(A) ਨੂੰਹ ਸੱਸ ਦਾ ਪਿਆਰ
(B) ਸੱਸ ਸੁਹਰੇ ਦਾ ਪਿਆਰ
(C) ਨੂੰਹ – ਸੱਸ ਦੀ ਲੜਾਈ
(D) ਪਤੀ ਅਤੇ ਸੱਸ ਦਾ ਪਿਆਰ

48.

| | ਸੂਚੀ I | | ਸੂਚੀ II |
|---|---|---|---|
| (a) | ਸਮੀਖਿਆ ਪ੍ਰਣਾਲੀਆਂ | 1. | ਤਰਲੋਕ ਸਿੰਘ ਕੰਵਰ |
| (b) | ਵਾਦ ਵਿਵਾਦ | 2. | ਸੰਤ ਸਿੰਘ ਸੇਖੋਂ |
| (c) | ਪਰਿਚਾਇਕ ਭਾਸ਼ਾ ਵਿਗਿਆਨ | 3. | ਪ੍ਰੀਤਮ ਸਿੰਘ |
| (d) | ਥਾਪਨਾ ਉਥਾਪਨਾ | 4. | ਵੇਦ ਅਗਨੀਹੋਤਰੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | (a) | (b) | (c) | (d) |
|---|---|---|---|---|
| (A) | 1 | 4 | 3 | 2 |
| (B) | 3 | 2 | 1 | 4 |
| (C) | 2 | 3 | 4 | 1 |
| (D) | 4 | 1 | 2 | 3 |

Adda247
GET IT ON Google Play

**49.** ਕਿਸ ਪੰਜਾਬੀ ਰਸਾਲੇ ਦਾ ਖੋਜ-ਵਿਧੀ ਅੰਕ ਪ੍ਰਕਾਸ਼ਿਤ ਹੋਇਆ :

(A) ਖੋਜ ਦਰਪਣ

(B) ਪੰਜਾਬੀ ਦੁਨੀਆ

(C) ਆਲੋਚਨਾ

(D) ਉਪਰੋਕਤ ਤਿੰਨਾਂ ਵਿੱਚੋਂ ਕੋਈ ਨਹੀਂ

**50.** ਸਾਹਿਤਿਕ ਖੋਜ ਦਾ ਮੁੱਖ ਸਰੋਕਾਰ ਹੈ :

(A) ਸਾਹਿਤ ਦੇ ਸਰੋਤਾਂ ਦੀ ਨਿਸ਼ਾਨਦੇਹੀ

(B) ਸਾਹਿਤਿਕ ਤੱਥਾਂ ਦਾ ਮੁਲਾਂਕਣ

(C) ਸਾਹਿਤਿਕ ਪਾਠਾਂ ਦੀ ਕਾਲਕ੍ਰਮਿਕਤਾ ਦਾ ਨਿਰਧਾਰਣ

(D) ਹੱਥ ਲਿਖਤਾਂ ਦੀ ਸਾਂਭ-ਸੰਭਾਲ

- o 0 o -

Adda247

**Space For Rough Work**

Adda247